The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz



10 June 2019 Daily, editornztasveer@gmail.com designnztasveer@gmail.com Ph/Fax: 09 390 4644 FREE


## ਆਕਲੈਂਡ ਦੇ ਵ੍ਹੈਨਕਪਾਈ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਵਿਚ ਆਕਲੈਂਡ ਦੇ ਵ੍ਹੈਨਕਪਾਈ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਇਕ ਅੰਗਰੇਜ਼ੀ ਅਖਬਾਰ ਦੀ ਰਿਪੋਰਟ ਮੁਤਾਬਕ ਦਿਨ ਵਿਚ ਅਣਜਾਣ ਵਿਅਕਤੀ ਵੱਲੋਂ ਆਕਲੈਂਡ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇ ਬਾਅਦ ਪੁਲਸ ਅਤੇ ਐਮਰਜੈਂਸੀ ਸੇਵਾ ਕਰਮੀਆਂ ਨੂੰ ਤੁਰੰਤ ਹਵਾਈ ਅੱਡੇ 'ਤੇ ਭੇਜਿਆ ਗਿਆ। ਮੀਡੀਆ ਹਵਾਲੇ ਨਾਲ ਪੁਲਸ ਨੇ ਕਿਹਾ,"ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।" ਇਸ ਦੇ ਇਲਾਵਾ ਹਾਲਤਾਂ ਦੇ ਮੱਦੇਨਜ਼ਰ ਹਵਾਈ ਅੱਡੇ ਵੱਲ ਜਾਣ ਵਾਲੇ ਸਾਰੇ ਰਸਤਿਆਂ ਨੂੰ ਪੁਲਸ ਦੇ ਅਗਲੇ ਆਦੇਸ਼ ਤੱਕ ਬੰਦ ਕਰ ਦਿੱਤਾ ਗਿਆ।

## ਵਰਲਡ ਕੱਪ ਦੇ ਅਹਿਮ ਮੁਕਾਬਲੇ 'ਚ ਨਿਊਜ਼ੀਲੈਂਡ ਨੇ ਅਫਗਾਨਿਸਤਾਨ ਹਰਾਇਆ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਰਲਡ ਕੱਪ ਦੇ ਨਿਊਜ਼ੀਲੈਂਡ ਦੇ ਤੀਜੇ ਮੁਕਾਬਲੇ ਵਿੱਚ ਜਿਮੀ ਨੀਸ਼ਮ ਦੀ ਸ਼ਾਨਦਾਰ ਬਾਲਿੰਗ ਦੇ ਸਦਕਾ ਅਫਗਾਨਿਸਤਾਨ ਦੀ ਟੀਮ ਸਿਰਫ 172 ਸਕੋਰ ਹੀ ਬਣਾ ਸਕੀ। ਨਿਊਜੀਲੈਂਡ ਦੇ ਖਿਡਾਰੀ ਨਿਸ਼ਮ ਨੇ 31 ਸਕੋਰ ਦੇ ਕੇ ੫ ਵਿਕਟਾਂ ਹਾਸਲ ਕੀਤੀਆਂ, ਜਿਸ ਲਈ ਉਨ੍ਹਾਂ ਨੂੰ ਮੈਨ ਆਫ ਦਾ ਮੈਚ ਵੀ ਦਿੱਤਾ ਗਿਆ ਅਤੇ ਇਸ ਗੱਲ 'ਤੇ ਕੈਪਟਨ ਕੇਨ ਵਿਲੀਅਮਸਨ ਨੇ ਵੀ ਖੁਸ਼ੀ ਪ੍ਰਗਟਾਈ ਹੈ ਕਿ ਜਿਮੀ ਨਿਸ਼ਮ ਹੁਣ ਫਾਰਮ ਵਿੱਚ ਵਾਪਸ ਆ ਗਏ ਹਨ। ਇਸ ਤੋਂ ਪਹਿਲਾਂ ਨਿਊਜ਼ੀਲੈਂਡ, ਸ਼੍ਰੀਲੰਕਾ ਅਤੇ ਬੰਗਲਾਦੇਸ਼ ਨੂੰ ਹਰਾ ਚੁੱਕਾ ਹੈ ਅਤੇ ਵਰਲਡ ਕੱਪ ਹਾਸਲ ਕਰਨ ਦੇ ਆਪਣੇ ਸੁਪਨੇ ਵੱਲ ਸ਼ਾਨਦਾਰ ਢੰਗ ਨਾਲ ਅੱਗੇ ਵੱਧ ਰਿਹਾ ਹੈ।

## 15 ਸਾਲ ਚ 100 ਅਰਬ ਡਾਲਰ ਦਾ ਹੋ ਸਕਦੈ ਮਾਸ ਦਾ ਬਜ਼ਾਰ

ਵਾਸ਼ਿੰਗਟਨ – ਵਿਕਲਪਿਕ ਮਾਸ, ਜੀ ਹਾਂ ਅਮਰੀਕਾ 'ਚ ਫਸਲਾਂ 'ਤੇ ਆਧਾਰਿਤ ਮਾਸ-ਸੁਪਰ ਬਜ਼ਾਰਾਂ ਦੀ ਦੁਕਾਨਾਂ 'ਚ ਕਿਸੇ ਕੋਨੇ 'ਚ ਪਈ ਚੀਜ਼ ਨਾ ਰਹਿ ਕੇ ਉਸ ਕਤਾਰਾਂ 'ਚ ਪਹੁੰਚ ਗਿਆ ਹੈ, ਜਿੱਥੇ ਚੰਗੀ ਕਿਸਮ ਦਾ ਮਾਸ ਰਖਿਆ ਜਾਂਦਾ ਹੈ। ਗਾਹਕਾਂ, ਖਾਦ ਕੰਪਨੀਆਂ ਅਤੇ ਬਜ਼ਾਰਾਂ 'ਚ ਵੱਡੇ ਨਾਂ ਰੱਖਣ ਵਾਲ ਰੈਸਤਰਾਂ 'ਚ ਇਸ ਪ੍ਰਕਾਰ ਦੇ 'ਅਲਟਰਨੇਟਿਵ ਮੀਟ (ਫਸਲੀ ਮਾਸ)' ਦੀ ਮੰਗ ਜ਼ੋਰਦਾਰ ਢੰਗ ਨਾਲ ਵੱਧ ਰਹੀ ਹੈ। ਇਸ ਦੇ ਨਾਲ ਅਮਰੀਕਾ ਦੇ ਵਿੱਤ ਨਿਵੇਸ਼ਕ ਵੀ ਵਿਕਲਪਿਕ ਮਾਸ ਉਦਯੋਗ ਵੱਲ ਰੁਝਾਨ ਦਿਖਾ ਰਹੇ ਹਨ। ਵਿੱਤ ਸੇਵਾ ਕੰਪਨੀ ਜੇਪੀਮੋਰਗਨ ਚੇਜ ਦਾ ਅਨੁਮਾਨ ਹੈ ਕਿ 15 ਸਾਲ 'ਚ ਵਿਕਲਪਿਕ ਮਾਸ ਦਾ ਬਜ਼ਾਰ 100 ਅਰਬ ਡਾਲਰ ਦਾ ਹੋ ਜਾਵੇਗਾ। ਬਾਰਕਲੇਜ ਦਾ ਆਖਣਾ ਹੈ ਕਿ 10 ਸਾਲ 'ਚ ਹੀ ਇਸ ਤਰ੍ਹਾਂ ਦੇ ਮਾਸ ਦਾ ਬਜ਼ਾਰ ਗਲੋਬਲ ਮਾਸ ਬਜ਼ਾਰ ਦੇ 10 ਫੀਸਦੀ ਮਤਲਬ ਕਰੀਬ 140 ਅਰਬ ਡਾਲਰ ਸਾਲਾਨਾ ਤੱਕ ਪਹੁੰਚ ਜਾਵੇਗਾ। ਬਰਗਰ ਕਿੰਗ ਅਪ੍ਰੈਲ ਤੋਂ ਹੀ ਨਿਰਾਮਿਸ਼ 'ਹੂਪਰ' 'ਤੇ ਪ੍ਰੀਖਣ ਕਰ ਰਿਹਾ ਹੈ। ਮੈਕਡਾਨਾਲਡ ਨੇ ਵੀ ਜਰਮਨੀ 'ਚ ਬਿਨਾਂ ਮਾਸ ਦਾ ਬਰਗਰ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਇਕ ਹੋਰ ਅਮਰੀਕੀ ਰੈਸਤਰਾਂ ਕੰਪਨੀ ਕੇਂਟੁਕੀ ਫ੍ਰਾਇਡ ਚਿਕਨ ਵੀ ਬਿਨਾਂ ਮਾਸ ਦੀਆਂ ਚੀਜ਼ਾਂ ਪੇਸ਼ ਕਰਨ ਦੀਆਂ ਸੰਭਾਵਨਾਵਾਂ ਦੀ ਭਾਲ ਕਰ ਰਹੀ ਹੈ। ਵਿਕਲਪਿਕ ਮਾਸ ਦਾ ਵਿਕਲਪ ਕੋਈ ਨਵਾਂ ਨਹੀਂ ਹੈ। ਬਦਲਾਅ ਕਾਰੋਬਾਰ 'ਚ ਆਇਆ ਹੈ। ਨਵੀਆਂ ਸਟਾਰਟਅਪ ਕੰਪਨੀਆਂ ਅਤੇ ਹੋਰ ਕਾਰੋਬਾਰੀਆਂ ਨੇ ਨਵੀਂ ਤਕਨਾਲੋਜੀ ਦਾ ਫਾਇਦਾ ਚੁੱਕ ਕੇ ਦਰੱਖਤ ਆਧਾਰਿਤ ਮਾਸ ਉਤਪਾਦਾਂ ਦੇ ਰੰਗ-ਰੂਪ ਅਤੇ ਸਵਾਦ ਦੇ ਨਾਲ ਨਵੇਂ ਪ੍ਰਯੋਗ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਬਜ਼ਾਰ 'ਚ ਇਸ ਮਾਸ ਨੇ ਅਸਲੀ ਮਾਸ ਨੂੰ ਟੱਕਰ ਦੇਣੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਹੁਣ ਗਾਹਕ ਵੀ ਵਾਤਾਵਰਣ ਅਤੇ ਸਿਹਤ ਕਾਰਨ ਦਰੱਖਤਾਂ 'ਤੇ ਆਧਾਰਿਤ ਮਾਸ ਵੱਲੋਂ ਆਕਰਸ਼ਿਤ ਹੋਣ ਲੱਗੇ ਹਨ। ਹਾਲਾਤ ਅਜਿਹੇ ਬਣ ਗਏ ਹਨ ਕਿ ਇੰਪਾਸਿਬਲ ਫੂਡ ਅਚੇ ਬਿਓਂਡ ਮਾਸ ਜਿਹੀਆਂ ਕੰਪਨੀਆਂ ਵਨਸਪਤੀ ਆਧਾਰਿਤ ਮੀਟ ਦੀ ਮੰਗ ਪੂਰੀਆਂ ਨਹੀਂ ਕਰ ਪਾ ਰਹੀਆਂ। ਕਾਰੋਬਾਰ ਦੀ ਸੰਭਾਵਨਾਵਾਂ ਦਾ ਹੀ ਨਤੀਜਾ ਹੈ ਕਿ ਕੰਪਨੀ ਬਿਓਂਡ ਮੀਟ ਦਾ ਸ਼ੇਅਰ ਨਿਊਯਾਰਕ ਸ਼ੇਅਰ ਬਜ਼ਾਰ 'ਚ ਵਚਨਬੱਧ ਹੋਣ ਦੇ ਪਹਿਲੇ ਦਿਨ ਹੀ 163 ਫੀਸਦੀ ਉਛਾਲ ਕੇ 65.75 ਡਾਲਰ 'ਤੇ ਪਹੁੰਚ ਗਿਆ। ਇਸ ਤਰ੍ਹਾਂ ਅਮਰੀਕਾ ਅਤੇ ਏਸ਼ੀਆ 'ਚ 7,000 ਬਰਗਰ



ਰੈਸਤਰਾਂ 'ਚ ਵਿਕਰੀ 'ਤੇ ਰਹੇ ਇੰਪਾਸਿਬਲ ਬਰਗਰ ਨੇ ਹਾਲ ਹੀ 'ਚ ਬਜ਼ਾਰ ਤੋਂ 30 ਕਰੋੜ ਡਾਲਰ ਦੀ ਪੂੰਜੀ ਇਕੱਠੀ ਕੀਤੀ ਅਤੇ ਉਸ ਦਾ ਬਜ਼ਾਰ ਪੂੰਜੀਕਰਣ 2 ਅਰਬ ਡਾਲਰ ਦਾ ਹੋ ਗਿਆ ਹੈ।

## ਨਿਊਜ਼ੀਲੈਂਡ ਇੰਡੀਅਨ ਬਿਜਨਸ ਐਸੋਸੀਏਸ਼ਨ (ਐਨਜ਼ੈਡਆਈਬੀਏ) ਐਥੇਨਿਕ ਬਿਜਨਸ ਕਮਿਊਨਿਟੀ ਲਈ ਇੱਕ ਪਲੇਟਫਾਰਮ



ਆਕਲੈਂਡ : ਕਾਰੋਬਾਰ ਕਰਨਾ ਕਦੇ ਵੀ ਕਿਸੇ ਲਈ ਇੱਕ ਆਸਾਨ ਖੇਡ ਨਹੀਂ ਰਿਹਾ ਹੈ, ਇਸ ਲਈ ਹਿੰਮਤ, ਪਹਿਲਕਦਮੀ, ਉਤਸ਼ਾਹ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਕਿਸੇ ਵੀ ਜੀਵਨਕਾਲ ਨੂੰ ਖ਼ਤਰੇ ਵਿਚ ਪਾ ਕੇ ਬਹੁਤੇ ਪਰਿਵਾਰ ਅਤੇ ਨਿੱਜੀ ਬਲੀਦਾਨ ਤੋਂ ਇਲਾਵਾ ਨਿਊਜ਼ੀਲੈਂਡ ਵਿਚ ਭਾਰਤੀ ਪ੍ਰਵਾਸੀ ਭਾਈਚਾਰੇ ਦੀਆਂ ਜੜ੍ਹਾਂ ਇੱਕ ਸਦੀ ਤੋਂ ਵੀ ਜ਼ਿਆਦਾ ਪੁਰਾਣੀਆਂ ਹੋ ਗਈਆਂ ਹਨ। ਭਾਰਤੀ ਭਾਈਚਾਰੇ ਵਜੋਂ ਆਪਣੇ ਆਪ ਨੂੰ ਵਿਦੇਸ਼ੀ ਧਰਤੀ 'ਤੇ ਸਥਾਪਤ ਕਰਨ ਲਈ ਬਹੁਤ ਲੰਬਾ ਹੋ ਗਿਆ ਹੈ, ਜੋ ਕਿ ਆਪਣੇ ਆਪ ਵੀ ਪ੍ਰਸੰਸਾਯੋਗ ਹੈ, ਪਰ ਮੌਜੂਦਾ ਸਮੇਂ ਵਿਚ ਕਾਰੋਬਾਰ ਨੂੰ ਪ੍ਰਭਾਵਿਤ ਕਰਨ ਵਾਲੇ ਗਤੀਸ਼ੀਲ ਵਾਤਾਵਰਣ ਕਾਰਨਾਂ ਜਾਂ ਕਦੇ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੋਜ਼ਗਾਰ ਸੁਧਾਰ ਲਈ ਕਦੇ ਪ੍ਰਵਾਸੀ ਮਾਮਲੇ, ਕਦੇ ਤਬਦੀਲੀ ਅਤੇ ਕਦੇ ਹੋਰ ਜਟਿਲ ਅਨੁਪਾਲਣ ਢਾਂਚਿਆਂ ਦੀ ਲੋੜ ਪੈਂਦੀ ਹੈ। ਹੈਰਾਨੀਜਨਕ ਰੂਪ ਨਾਲ ਇੰਨੇ ਲੰਬੇ ਸਮੇਂ ਬਾਅਦ ਵਿਚ ਪ੍ਰਵਾਸੀ ਮਾਮਲਿਆਂ ਦੇ ਮਾਲਕਾਂ ਲਈ ਰਾਜਨੀਤਿਕ ਜਾਂ ਪ੍ਰਸ਼ਾਸਨਿਕ ਜਾਂ ਕਿਸੇਵੀ ਹੋਰ ਅਜਿਹੇ ਮੰਚ 'ਤੇ ਕਿਸੇ ਨੇ ਆਵਾਜ਼ ਬੁਲੰਦ ਨਹੀਂ ਕੀਤੀ ਪਰ ਹੁਣ ਇਸ ਲਈ ਇਕੱਠੇ ਹੋਣ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ। ਕਾਰੋਬਾਰੀ ਮੈਂਬਰਾਂ ਵਿਚ ਗੰਭੀਰ ਵਿਚਾਰ ਵਟਾਂਦਰੇ ਤੋਂ ਬਾਅਦ ਐਨਜ਼ੈਡ ਇੰਡੀਅਨ ਬਿਜਨਸ ਐਸੋਸੀਏਸ਼ਨ ਨੂੰ ਜਨਮ ਦਿੱਤਾ ਗਿਆ। ਐਸੋਸੀਏਸ਼ਨ ਦਾ ਉਦੇਸ਼ ਸੁਰੱਖਿਆ, ਚੋਰੀ ਝਗੜਿਆਂ ਅਤੇ ਰੋਜ਼ਗਾਰ ਨਿਯਮਾਂ, ਮੈਂਬਰਾਂ ਨੂੰ ਸੈਮੀਨਾਰਾਂ ਅਤੇ ਵਰਕਸ਼ਾਪਾਂ ਨਾਲ ਸਬੰਧਤ ਮੁੱਦਿਆਂ ਦੇ ਨਾਲ ਨਾਲ ਨਵੀਨਤਮਕ ਬਦਲਾਵਾਂ ਨੂੰ ਪੇਸ਼ੇਵਰ ਤੌਰ 'ਤੇ ਪੇਸ਼ੇਵਰ ਕਰਨ ਵਿਚ ਮਦਦ ਕਰਨ ਹੈ। ਇਸ ਸਬੰਧੀ ਪਹਿਲੀ ਮੀਟਿੰਗ 8 ਜੁਲਾਈ ਨੂੰ ਮਨਕਾਊ ਆਕਲੈਂਡ ਵਿਖੇ ਆਯੋਜਿਤ ਕੀਤੀ ਗਈ ਜੋ ਕਿ ਬਹੁਤ ਹੀ ਪ੍ਰਭਾਵਾਸ਼ਾਲੀ ਰਹੀ। ਐਸੋਸੀਏਸ਼ਨ ਵਿਚ ਸ਼ਰਾਬ ਦੁਕਾਨਦਾਰ, ਬਿਲਡਰ, ਟਰਾਂਸਪੋਰਟਰ, ਬਾਰ ਮਾਲਕ ਅਤੇ ਹੋਰ ਵੱਡੇ ਵਪਾਰਕ ਅਦਾਰਿਆਂ ਵੱਲੋਂ ਮੈਂਬਰਸ਼ਿਪ ਕੀਤੀ ਗਈ ਹੈ। ਇਹ ਐਸੋਸੀਏਸ਼ਨ ਗੈਰ ਮੁਨਾਫਾ ਦੇ ਤੌਰ 'ਤੇ ਚਲਾਈ ਜਾਵੇਗੀ।

## ਚਾਰ ਰਾਤਾਂ ਤੋਂ ਬਾਅਦ ਪੰਜਵਾਂ ਦਿਨ ਵੀ ਚੜ੍ਹਿਆ, ਫ਼ਤਹਿ ਨੂੰ ਬਾਹਰ ਕੱਢਣ 'ਚ ਲੱਗੇਗਾ ਕੁਝ ਹੋਰ ਸਮਾਂ

**ਸੀਸੀਟੀਵੀ ਤਸਵੀਰਾਂ ਤੋਂ ਵੀ ਪਤਾ ਲੱਗਦਾ ਹੈ ਕਿ ਫ਼ਤਹਿਵੀਰ ਬੁਰੀ ਤਰ੍ਹਾਂ ਫਸਿਆ ਹੋਇਆ ਹੈ, ਪਰ ਐਨਡੀਆਰਐਫ ਟੀਮਾਂ ਉਸ ਤੋਂ ਹੇਠਾਂ ਜਾ ਕੇ ਪਾਈਪ ਤੋੜਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਇਹ ਵੀ ਧਿਆਨ ਰੱਖਿਆ ਜਾ ਰਿਹਾ ਹੈ ਕਿ ਹਿੱਲਜੁੱਲ ਹੋਣ ਕਰਕੇ ਕਿਤੇ ਬੱਚਾ ਹੋਰ ਹੇਠਾਂ ਨਾ ਖਿਸਕ ਜਾਵੇ।**

ਸੰਗਰੂਰ: ਮਿਸ਼ਨ ਫ਼ਤਹਿ ਪੰਜਵੇਂ ਦਿਨ ਵੀ ਜਾਰੀ ਹੈ। ਹਾਲਾਂਕਿ, ਐਨਡੀਆਰਐਫ ਨੇ ਫ਼ਤਹਿ ਤਕ ਪਹੁੰਚਣ ਲਈ ਆਖਰੀ ਸੁਰੰਗ ਵੀ ਪੁੱਟ ਲਈ ਹੈ। ਪਰ ਕੁਝ ਕਾਰਨਾਂ ਕਰਕੇ ਹਾਲੇ ਬੱਚੇ ਨੂੰ ਬਾਹਰ ਨਹੀਂ ਕੱਢਿਆ ਜਾ ਸਕਿਆ। ਅੱਜ ਫ਼ਤਹਿਵੀਰ ਦਾ ਦੂਜਾ ਜਨਮਦਿਨ ਹੈ ਅਤੇ ਸਾਰੇ ਦੁਆ ਕਰ ਰਹੇ ਹਨ ਕਿ ਉਹ ਆਪਣਾ ਜਨਮਦਿਨ ਮਨਾ ਸਕੇ। ਪਰ ਬੋਰ ਦੇ ਫ਼ਿਲਟਰ ਵਿੱਚ ਫਸੇ ਹੋਣ ਕਾਰਨ ਫ਼ਤਹਿ ਨੂੰ ਬਚਾਉਣ ਵਿੱਚ ਮੁਸ਼ਕਿਲਾਂ ਆ ਰਹੀਆਂ ਹਨ, ਜਿਸ ਕਾਰਨ ਲੋਕਾਂ ਵਿੱਚ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਬੇਭਰੋਸਗੀ ਵੱਧ ਰਹੀ ਹੈ। ਪੁਲਿਸ ਨੇ ਲੋਕਾਂ ਨੂੰ ਦੂਰ ਰੱਖਣ ਲਈ ਅੱਜ ਬੈਰੀਕੇਡਿੰਗ ਕਰ ਦਿੱਤੀ ਹੈ, ਤਾਂ ਜੋ ਬੱਚੇ ਨੂੰ ਬਾਹਰ ਕੱਢਣ ਸਮੇਂ ਹਾਲਾਤ ਕਾਬੂ ਵਿੱਚ ਰੱਖੇ ਜਾ ਸਕਣ। ਫ਼ਤਹਿਵੀਰ ਨੂੰ ਤੁਰੰਤ ਮੈਡੀਕਲ ਸਹਾਇਤਾ ਦੀ ਤਿਆਰੀ ਪੂਰੀ ਹੋ ਚੁੱਕੀ



ਹੈ। ਸੀਸੀਟੀਵੀ ਤਸਵੀਰਾਂ ਤੋਂ ਵੀ ਪਤਾ ਲੱਗਦਾ ਹੈ ਕਿ ਫ਼ਤਹਿਵੀਰ ਬੁਰੀ ਤਰ੍ਹਾਂ ਫਸਿਆ ਹੋਇਆ ਹੈ, ਪਰ ਐਨਡੀਆਰਐਫ ਟੀਮਾਂ ਉਸ ਤੋਂ ਹੇਠਾਂ ਜਾ ਕੇ ਪਾਈਪ ਤੋੜਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਇਹ ਵੀ ਧਿਆਨ ਰੱਖਿਆ ਜਾ ਰਿਹਾ ਹੈ ਕਿ ਹਿੱਲਜੁੱਲ ਹੋਣ ਕਰਕੇ ਕਿਤੇ ਬੱਚਾ ਹੋਰ ਹੇਠਾਂ ਨਾ ਖਿਸਕ ਜਾਵੇ। ਪਰ ਨਵੇਂ ਪੁੱਟੇ ਗਏ ਬੋਰ ਵਿੱਚ ਤਕਨੀਕੀ ਉਪਕਰਨਾਂ ਦੀ ਘਾਟ ਕਾਰਨ ਫ਼ਤਹਿਵੀਰ ਨੂੰ ਬਾਹਰ ਲਿਆਉਣ ਲਈ ਕੁਝ ਸਮਾਂ ਹੋਰ ਲੱਗ ਸਕਦਾ ਹੈ। ਜ਼ਮੀਨ ਤੇ ਬੋਰ ਅੰਦਰ ਬਚਾਅ ਟੀਮਾਂ ਦਾ ਵਾਕੀ-ਟਾਕੀ ਵੀ ਨਹੀਂ ਕੰਮ ਕਰ ਰਿਹਾ, ਇਸ ਲਈ ਆਵਾਜ਼ ਦੇ ਕੇ ਜਾਂ ਵਾਰ-ਵਾਰ ਉੱਪਰ ਆ ਕੇ ਗੱਲਬਾਤ ਜਾਰੀ ਹੈ। ਦੇਰੀ ਦੇ ਨਾਲ-ਨਾਲ ਇਸ ਬਚਾਅ ਕਾਰਜ ਵਿੱਚ ਤਕਨੀਕੀ ਸਹਾਇਤਾ ਵਿੱਚ ਬੇਹੱਦ ਕਮੀ ਦੇਖਣ ਨੂੰ ਮਿਲੀ ਹੈ।